AVMG113 DATED 28-05-2024 vide email cmo@punjab.gov.in

ਸੇਵਾ ਵਿਖੇ,

ਮੁੱਖ ਮੰਤਰੀ,

ਪੰਜਾਬ, ਚੰਡੀਗੜ੍ਹ।

**ਵਿਸ਼ਾ :- 2016 ਦਾ ਪੰਜਾਬ ਸਟਰੀਟ ਵੈਂਡਰ ਐਕਟ ਲਾਗੂ ਕਰਨ ਸੰਬੰਧੀ।**

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਰੇਹੜੀਆਂ ਨੂੰ ਢੁਕੱਵੇਂ ਸਥਾਨਾਂ 'ਤੇ ਤਬਦੀਲ ਕਰਨ ਸੰਬੰਧੀ 3 ਮਾਰਚ 2016 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ ਰੇਹੜੀਆਂ ਨੂੰ ਢੁਕਵੇਂ ਸਥਾਨਾਂ 'ਤੇ ਤਬਦੀਲ ਕੀਤਾ ਜਾਣਾ ਹੈ। ਅੱਠ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਇਸ 'ਤੇ ਅਮਲ ਨਹੀਂ ਕੀਤਾ ਗਿਆ। ਰੇਹੜੀਆਂ ਵਾਲਿਆਂ ਨੇ ਸੜਕਾਂ ਤੇ ਫੁੱਟਪਾਥ ਮਲੇ ਹੋਏ ਹਨ। ਜਿਥੇ ਮਰਜ਼ੀ ਕੋਈ ਰੇਹੜੀ ਲਾ ਲੈਂਦਾ ਹੈ। ਇਸ ਨੋਟੀਫਿਕੇਸ਼ਨ ਵਿੱਚ ਮਹੀਨੇ ਦੀ ਫੀਸ ਵੀ ਲਿਖੀ ਗਈ ਹੈ। ਨਗਰ ਨਿਗਮ ਲਈ ਇੱਕ ਹਜ਼ਾਰ ਰੁਪਏ ਮਾਸਕ, ਮਿਉਂਸਿਪਲ ਕੌਂਸਲ ਦਰਜਾ ਇੱਕ ਵਿੱਚ ਅੱਠ ਸੌ ਰੁਪਏ ਮਾਸਕ, ਦਰਜਾ ਦੋ ਵਿੱਚ ਪੰਜ ਸੌ ਰੁਪਏ ਤੇ ਦਰਜਾ ਤਿੰਨ ਨਗਰ ਪੰਚਾਇਤ ਲਈ ਚਾਰ ਸੌ ਰੁਪਏ ਮਹੀਨਾ ਹੈ।ਹਰ ਸਾਲ ਪੰਜ ਰੁਪਏ ਸਾਲਾਨਾ ਦਰ ਨਾਲ ਫੀਸ ਵਿਚ ਵਾਧਾ ਕਰਨ ਦੀ ਵਿਵਸਥਾ ਹੈ

ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਰੇਹੜੀਆਂ ਹਨ। ਹਰੇਕ ਰੇਹੜੀ ਵਾਲੇ ਕੋਲੋਂ ਜੇ ਬਣਦੀ ਫੀਸ ਲਈ ਜਾਵੇ ਤਾਂ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦੀ ਸਾਲਾਨਾ ਆਮਦਨ ਹੋ ਸਕਦੀ ਹੈ। ਇਸ ਕਾਨੂੰਨ ਨੂੰ ਲਾਗੂ ਨਾ ਕਰਨਾ, ਸਥਾਨਕ ਸਰਕਾਰ ਵਿਭਾਗ ਦੀ ਕਾਰਗੁਜ਼ਾਰੀ ਉਪਰ ਵੱਡੇ ਸੁਆਲ ਉਠਦੇ ਹਨ ਕਿ ਨਾ ਤਾਂ ਪਹਿਲੇ ਸਥਾਨਕ ਸਰਕਾਰ ਮੰਤਰੀ ਬਣਦੀ ਡਿਊਟੀ ਦੇਂਦੇ ਰਹੇ ਹਨ ਤੇ ਨਾ ਮੌਜੂਦਾ ਸਥਾਨਕ ਸਰਕਾਰ ਮੰਤਰੀ ਦੇ ਰਹੇ ਹਨ। ਏਸੇ ਤਰ੍ਹਾਂ ਨਾ ਤਾਂ ਪਹਿਲੇ ਸਥਾਨਕ ਸਰਕਾਰ ਸਕੱਤਰਾਂ ਨੇ ਬਣਦੀ ਡਿਊਟੀ ਨਿਭਾਈ ਹੈ ਤੇ ਨਾ ਹੀ ਮੌਜੂਦਾ ਸਥਾਨਕ ਸਰਕਾਰ ਸਕੱਤਰ ਨਿਭਾਅ ਰਹੇ ਹਨ।

ਸਾਡੀ ਸਨਿਮਰ ਬੇਨਤੀ ਹੈ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਜਾਵੇ ਤੇ ਇਸ ਨੂੰ ਨਾ ਲਾਗੂ ਕਰਨ ਕਰਨ ਵਾਲਿਆਂ ਵਿਰੁਧ ਬਣਦੀ ਕਾਰਵਾਈ ਕੀਤੀ ਜਾਵੇ।ਅਤੀ ਧੰਨਵਾਦੀ ਹੋਵਾਂਗੇ।

ਨਿਵੇਦਕ,

(ਹਰਜਾਪ ਸਿੰਘ ਔਜਲਾ) (ਡਾ. ਚਰਨਜੀਤ ਸਿੰਘ ਗੁਮਟਾਲਾ)

ਪ੍ਰਧਾਨ

ਸਰਪ੍ਰਸਤ

ਅੰਮ੍ਰਿਤਸਰ ਵਿਕਾਸ ਮੰਚ ਅੰਮ੍ਰਿਤਸਰ ਵਿਕਾਸ ਮੰਚ

ਪੱਤਰ ਭੇਜਣ ਦਾ ਪਤਾ: ਡਾ. ਚਰਨਜੀਤ ਸਿੰਘ ਗੁਮਟਾਲਾ, 253 ਅਜੀਤ ਨਗਰ, ਅੰਮ੍ਰਿਤਸਰ-143006 ਈ ਮੇਲ gumtalacs@gmail.com

ਉਤਾਰਾ 1.ਪ੍ਰਮੁੱਖ ਸਕੱਤਰ(ਚੀਫ਼ ਸੈਕਟਰੀ), ਪੰਜਾਬ ਸਰਕਾਰ, ਚੰਡੀਗੜ੍ਹ ਈ ਮੇਲ cs@punjab.gov.in

2. ਸਥਾਨਕ ਸਰਕਾਰ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ ਈ ਮੇਲ secy.lg@punjab.gov.in

3 ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਈ ਮੇਲ cmcasr@punjab.gov.in